Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਸਥਾ ਭਰਪੂਰ ਕੁੱਝ ਬਦਰੀ ਸਹਾਬੀਆਂ ਦੀ ਪਵਿੱਤਰ ਜੀਵਨੀ ਦਾ ਜ਼ਿਕਰ, ਮਹਦੀ ਆਬਾਦ ਬਰਕੀਨਾ ਫ਼ਾਸੋ'ਚ 9 ਅਹਮਦੀਆਂ ਦੀ ਅਫਸੋਸ ਜਨਕ ਸ਼ਹਾਦਤ ਦਾ ਜ਼ਿਕਰ ਅਤੇ ਬਰਕੀਨਾ ਫ਼ਾਸੋ ਦੇ ਹਾਲਾਤ ਲਈ ਅਹਮਦੀਆਂ ਨੂੰ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 13 ਜਨਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ

ਜਿਵੇਂ ਕਿ ਮੈਂ ਪਿੱਛਲੇ ਖ਼ੁਤਬੇ'ਚ ਦੱਸਿਆ ਸੀ ਕਿ ਕੁੱਝ ਸਹਾਬੀਆਂ ਦੇ ਜ਼ਿਕਰ ਦਾ ਕੁੱਝ ਭਾਗ ਰਹਿ ਗਿਆ ਹੈ, ਉਹ ਬਿਆਨ ਕਰਾਂਗਾ। ਅੱਜ ਇਸ ਸਿਲਸਿਲੇ'ਚ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਬਾਰੇ ਪਹਿਲਾਂ ਬਿਆਨ ਹੋਵੇਗਾ। ਆਪ ਰਜ਼ੀ ਅੱਲਾਹ ਅੰਨਹੋ ਦਾ ਸੰਬੰਧ ਕਬੀਲਾ ਬਨੂ ਅਸਦ ਤੋਂ ਸੀ। ਆਪ ਰਜ਼ੀ ਅੱਲਾਹ ਅੰਨਹੋ ਦਾ ਕਦ ਮਦਰਾ ਸੀ ਅਤੇ ਸਰ ਦੇ ਵਾਲ ਬਹੁਤ ਘਣੇ ਸਨ। ਇੱਕ ਮੁਹਿਮ ਦੇ ਮੌਕੇ'ਤੇ ਆਪ ਰਜ਼ੀ ਅੱਲਾਹ ਅੰਨਹੋ ਨੂੰ ਅਮੀਰ ਬਣਾਇਆ ਗਿਆ। ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਸਹਾਬੀਆਂ ਨੂੰ ਫ਼ਰਮਾਇਆ ਕਿ ਮੈਂ ਤੁਹਾਡੇ'ਤੇ ਅਜੀਹਾ ਬੰਦਾ ਅਮੀਰ ਬਣਾ ਰਿਹਾ ਹਾਂ। ਜੋ ਤੁਹਾਡੇ'ਚੋਂ ਚੰਗਾ ਤਾਂ ਨਹੀਂ। ਪਰ ਭੁੱਖ ਤੇ ਤ੍ਰੇਹ ਦੇ ਸਹਿਣ'ਚ ਤੁਹਾਡੇ ਨਾਲੋਂ ਮਜ਼ਬੂਤ ਹੈ। ਇੱਕ ਰਵਾਯਤ ਅਨੁਸਾਰ ਇਸਲਾਮ'ਚ ਸਭ ਤੋਂ ਪਹਿਲਾਂ ਝੰਡੇ ਦਾ ਆਰੰਭ ਹਜ਼ਰਤ ਅਬਦੁੱਲਾਹ ਬਿਨ ਹਜਸ਼ ਨੇ ਕੀਤਾ ਅਤੇ ਸਭ ਤੋ ਪਹਿਲਾ ਮਾਲੇ ਗ਼ਨੀਮਤ ਵੀ ਆਪ ਰਜ਼ੀ ਅੱਲਾਹ ਅੰਨਹੋ ਨੇ ਵੰਡੀਆ। ਹਜ਼ਰਤ ਸਾਹਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਅਬਦੁੱਲਾਹ ਬਿਨ ਹਜਸ਼ ਦੀ ਅਗਵਾਈ'ਚ ਜਾਣ ਵਾਲੀ ਇੱਕ ਮੁਹਿਮ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ। ਇਸ ਮੁਹਿਮ'ਚ ਮੁਸਲਮਾਨਾਂ ਨੇ ਸ਼ਹਰੁਲੱ ਹਰਾਮ'ਚ ਮਜਬੂਰੀ'ਚ ਲੜ੍ਹਾਂਈ ਕੀਤੀ ਸੀ। ਜਦੋਂ ਇਸ ਗੱਲ੍ਹ ਦੀ ਖ਼ਬਰ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੂੰ ਮਿਲੀ। ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਬਹੁਤ ਨਾਰਾਜ਼ ਹੋਏ ਅਤੇ ਫ਼ਰਮਾਇਆ ਕਿ ਮੈਂ ਤੁਹਾਨੂੰ ਸ਼ਹਰੁੱਲ ਹਰਾਮ'ਚ ਲੜ੍ਹਣ ਦੀ ਆਗਿਆ ਨਹੀਂ ਦਿੰਦਾ। ਇਸ'ਤੇ ਅਬਦੁੱਲਾਹ ਬਿਨ ਹਜਸ਼ ਅਤੇ ਉਨ੍ਹਾਂ ਦੇ ਸਾਥੀਂ ਬਹੁਤ ਸ਼ਰਮਿੰਦਾ ਹੋਏ।

ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਦੀ ਤਲਵਾਰ ਓਹਦ ਦੇ ਦਿਨ ਟੁੱਟ ਗਈ। ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਉਨ੍ਹਾ ਨੂੰ ਖ਼ਜੂਰ ਦੀ ਇੱਕ ਸ਼ਾਖ਼ ਦਿੱਤੀ। ਜੋ ਉਨ੍ਹਾਂ ਦੇ ਹੱਥ'ਚ

ਤਲਵਾਰ ਵਾਂਗ ਹੋ ਗਈ। ਉਸੇ ਦਿਨ ਤੋਂ ਆਪ " ਅਰਜੂਨ " ਦੇ ਲਕਬ ਨਾਲ ਸੰਬੋਧਿਤ ਹੋਣ ਲੱਗੇ। ਅਬੂ ਨਈਮ ਕਹਿੰਦੇ ਹਨ ਕਿ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਆਪਣੇ ਰੱਬ ਦੀ ਸੌਂਹ ਖਾਣ ਵਾਲੇ ਅਤੇ ਰੱਬੀ ਪ੍ਰੇਮ ਨੂੰ ਦਿਲ੍ਹ'ਚ ਥਾਂ ਦੇਣ ਵਾਲੇ ਅਤੇ ਸਭ ਤੋਂ ਪਹਿਲਾਂ ਇਸਲਾਮੀ ਝੰਡਾ ਕਾਯਮ ਕਰਨ ਵਾਲੇ ਸਨ

ਇੱਕ ਮੌਕੇ'ਤੇ ਹਜ਼ਰਤ ਈਮਾਮ ਸ਼ਅਬੀ ਨੇ ਬਨੂ ਅਸਦ ਦੀ ਛੇ ਖ਼ਬੀਆਂ ਦੱਸਿਆਂ। ਜਿਸ'ਚ ਤੀਜੇ ਤੇ ਚੌਥੇ ਨੰਬਰ'ਤੇ ਇਸ ਗੱਲ੍ਹ ਦਾ ਜ਼ਿਕਰ ਫ਼ਰਮਾਇਆ ਕਿ ਇਸਲਾਮ'ਚ ਸਭ ਤੋਂ ਪਹਿਲਾ ਝੰਡਾ ਬਨੀ ਅਸਦ'ਚੋਂ ਇੱਕ ਬੰਦੇ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਨੂੰ ਦਿੱਤਾ ਗਿਆ ਅਤੇ ਬਨੂ ਅਸਦ ਦੀ ਚੌਥੀ ਖ਼ੂਬੀ ਇਹ ਹੈ ਕਿ ਇਸਲਾਮ'ਚ ਸਭ ਤੋਂ ਪਹਿਲਾਂ ਮਾਲੇ ਗ਼ਨੀਮਤ ਵੀ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਨੇ ਵੰਡੀਆ ਸੀ। ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਓਹਦ ਦੇ ਦਿਨ ਸ਼ਹੀਦ ਹੋਏ। ਤਾਂ ਹਜ਼ਰਤ ਜ਼ੈਨਬ ਬਿਨਤੇ ਖ਼ਜ਼ੀਮਾ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਦੇ ਨਿਕਾਹ'ਚ ਸਨ। ਉਨ੍ਹਾ ਦੀ ਸ਼ਹਾਦਤ ਮਗਰੋਂ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਜ਼ੈਨਬ ਨਾਲ ਵਿਆਹ ਕਰ ਲਿਆ।

ਦੂਜਾ ਜ਼ਿਕਰ ਹਜ਼ਰਤ ਸਾਲਿਹ ਸ਼ਕਰਾਨੀ ਰਜ਼ੀ ਅੱਲਾਹ ਅੰਨਹੋ ਦਾ ਹੈ।  ਕੁੱਝ ਦੇ ਨਜ਼ਦੀਕ ਹਜ਼ਰਤ ਸਾਲਿਹ ਸ਼ਕਰਾਨੀ ਰਜ਼ੀ ਅੱਲਾਹ ਅੰਨਹੋ ਅਤੇ ਉੱਮੇ ਐਮਨ ਰਜ਼ੀ ਅੱਲਾਹ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੂੰ ਆਪਣੇ ਪਿਤਾ ਵੱਲੋਂ ਜਿਦਾਦ'ਚ ਮਿਲੇ ਸਨ। ਗ਼ਜ਼ਵਾ ਬਦਰ ਮਗਰੋਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਨੂੰ ਆਜ਼ਾਦ ਕਰ'ਤਾ ਸੀ। ਹਜ਼ੂਰ ਸੱਲਲਾਹੋ ਅਲੇਹਿ ਵਸਲੱਮ ਦੇ ਆਕਾਲ ਚਲਾਣੇ ਮਗਰੋਂ। ਜਿਨ੍ਹਾ ਲੋਕਾਂ ਨੂੰ ਆਪ ਸੱਲਲਾਹੋ ਅਲੈਹਿ ਵਸਲੱਮ ਨੂੰ ਗ਼ੁਸਲ ਦੇਣ ਦਾ ਮਾਣ ਪ੍ਰਾਪਤ ਹੋਇਆ। ਉਨ੍ਹਾਂ'ਚ ਹਜ਼ਰਤ ਸਾਲਿਹ ਸ਼ਕਰਾਨੀ ਰਜ਼ੀ ਅੱਲਾਹ ਅੰਨਹੋ ਵੀ ਸ਼ਾਮਿਲ ਸਨ। ਇੱਕ ਰਵਾਯਤ ਅਨੁਸਾਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਹਜ਼ਰਤ ਸਾਲਿਹ ਸ਼ਕਰਾਨੀ ਰਜ਼ੀ ਅੱਲਾਹ ਅੰਨਹੋ ਦੇ ਸਾਹਿਬਜ਼ਾਦੇ ਨੂੰ ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ੀ ਅੱਲਾਹ ਅੰਨਹੋ ਵੱਲ੍ਹ ਭੇਜਿਆ ਅਤੇ ਲਿਖਿੱਆ ਕਿ ਮੈਂ ਤੁਹਾਡੇ ਵੱਲ੍ਹ ਇੱਕ ਨੇਕ ਸਾਲਿਹ ਬੰਦੇ ਨੂੰ ਭੇਜ ਰਿਹਾ ਹਾਂ। ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਉਨ੍ਹਾਂ ਦੇ ਪਿਤਾ ਦਾ ਜੋ ਸਥਾਨ ਹੈ, ਉਸ ਅਨੁਸਾਰ ਉਸ ਨਾਲ ਸਲੂਕ ਕੀਤਾ ਜਾਵੇ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੇ ਦੌਰੇ ਖ਼ਿਲਾਫ਼ਤ'ਚ ਆਪ ਰਜ਼ੀ ਅੱਲਾਹ ਅੰਨਹੋ ਦਾ ਆਕਾਲ ਚਲਾਣਾ ਹੋਇਆ। ਹਜ਼ਰਤ ਸਾਲਿਹ ਸ਼ਕਰਾਨੀ ਰਜ਼ੀ ਅੱਲਾਹ ਅੰਨਹੋ'ਤੋਂ ਰਵਾਯਤ ਹੈ ਕਿ ਮੈਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੂੰ ਇੱਕ ਖੋਤੇ'ਤੇ ਸਵਾਰ ਨਮਾਜ਼ ਪੜ੍ਹਦੇ ਵੇਖਿਆ। ਇਹ ਵੀ ਇੱਕ ਸਵਾਲ ਹੈ ਕਿ ਸਵਾਰੀ'ਤੇ ਨਮਾਜ਼ ਪੜ੍ਹ ਸਕਦੇ ਹਾਂ ਜਾਂ ਨਹੀਂ।

ਤੀਜਾ ਜ਼ਿਕਰ ਹਜ਼ਰਤ ਮਾਲਿਕ ਬਿਨ ਦੁਖਸ਼ਮ ਦਾ ਹੈ। ਹਜ਼ਰਤ ਮਾਲਿਕ ਬਿਨ ਦੁਖਸ਼ਮ ਦਾ ਨਾਂ ਮਾਲਿਕ ਬਿਨ ਦਖੀਸ਼ਮ ਜਾਂ ਇਬਨੇ ਦਖ਼ਸ਼ਮ ਵੀ ਬਿਆਨ ਕੀਤਾ ਹੋਇਆ ਹੈ। ਸਹਲ ਬਿਨ ਉਮਰੋ ਨੂੰ ਕੈਦੀ ਬਣਾਉਣ ਦੇ ਮੌਕੇ'ਤੇ ਹਜ਼ਰਤ ਮਾਲਿਕ ਬਿਨ ਦੁਖਸ਼ਮ ਨੇ ਜੋ ਪੰਕਤੀਆਂ ਪੜ੍ਹਿਆਂ ਉਨ੍ਹਾਂ'ਚ ਇਹ ਜ਼ਿਕਰ ਮਿਲਦਾ

ਹੈ ਕਿ ਮੈਂ ਸਹਲ ਨੂੰ ਕੈਦੀ ਬਣਾਇਆ ਅਤੇ ਉਸ ਦੇ ਬਦਲੇ'ਚ ਕਿਸੇ ਕੌਮ ਦੇ ਦੂਜੇ ਬੰਦੇ ਨੂੰ ਕੈਦੀ ਬਣਾਉਣਾ ਨਹੀਂ ਚਾਹੁੰਦਾ। ਗ਼ਜ਼ਵਾ ਓਹਦ ਦੇ ਦਿਨ ਹਜ਼ਰਤ ਮਾਲਿਕ ਬਿਨ ਦੁਖਸ਼ਮ ਹਜ਼ਰਤ ਖਾਰਜਾ ਕੋਲੋਂ ਲੰਘੇ। ਉਨ੍ਹਾਂ ਨੂੰ 13 ਜ਼ਖ਼ਮ ਆਏ ਹੋਏ ਸਨ। ਮਾਲਿਕ ਨੇ ਉਨ੍ਹਾਂ ਨੂੰ ਕਿਹਾ ਕਿ ਆਪ ਨੂੰ ਮਾਲੂਮ ਹੈ ਕਿ ਮੁਹੰਮਦ ਸੱਲਲਾਹੋ ਅਲੈਹਿ ਵਸਲੱਮ ਨੂੰ ਕਤਲ ਕਰ'ਤਾ ਗਿਆ ਹੈ। ਉਸ'ਤੇ ਹਜ਼ਰਤ ਖ਼ਾਰਜਾ ਨੇ ਫ਼ਰਮਾਇਆ ਕਿ ਜੇਕਰ ਇੰਝ ਹੈ ਵੀ ਤਾਂ ਵੀ ਰੱਬ ਤਾਂ ਜਿੰਦਾ ਹੈ ਅਤੇ ਉਹ ਨਹੀਂ ਮਰੇਗਾ। ਮੁਹੰਮਦ ਸੱਲਲਾਹੋ ਅਲੈਹਿ ਵਸਲੱਮ ਨੇ ਇਸਲਾਮ ਦਾ ਸੰਦੇਸ਼ ਪਹੁੰਚਾ'ਤਾ ਹੈ। ਇਸ ਲਈ ਤੁਸੀਂ ਵੀ ਆਪਣੇ ਧਰਮ ਲਈ ਲੜਾਈ ਕਰੋ। ਇੱਕ ਰਵਾਯਤ ਅਨੁਸਾਰ ਉਸ ਦੇ ਬਾਦ ਹਜ਼ਰਤ ਮਾਲਿਕ, ਸਾਅਦ ਬਿਨ ਰਬੀ ਕੋਲੋਂ ਲੰਘੇ। ਉਨ੍ਹਾਂ ਨੂੰ 12 ਜ਼ਖ਼ਮ ਆਏ ਹੋਏ ਸਨ। ਹਜ਼ਰਤ ਮਾਲਿਕ ਬਿਨ ਦੁਖਸ਼ਮ ਨੇ ਉਨ੍ਹਾਂ ਤੋਂ ਵੀ ਇਹੀ ਗੱਲ੍ਹ ਕੀਤੀ। ਤਾਂ ਸਾਅਦ ਬਿਨ ਰਬੀ ਨੇ ਵੀ ਫ਼ਰਮਾਇਆ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ ਸੱਲਲਾਹੋ ਅਲੈਹਿ ਵਸਲੱਮ ਨੇ ਆਪਣੇ ਰੱਬ ਦਾ ਸੰਦੇਸ਼ ਪਹੁੰਚਾ'ਤਾ ਹੈ। ਸੋ ਇਸਲਾਮ ਦੀ ਖ਼ਾਤਰ ਲੜੋ।

ਕੁੱਝ ਲੋਕਾਂ ਨੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੂੰ ਹਜ਼ਰਤ ਮਾਲਿਕ ਬਿਨ ਦੁਖਸ਼ਮ ਬਾਰੇ ਇਹ ਦੱਸਿਆ ਕਿ ਹਜ਼ਰਤ ਮਾਲਿਕ ਬਿਨ ਦੁਖਸ਼ਮ ਮੁਨਾਫ਼ਿਕ ਦੀ ਪਨਾਹਗਾਹ ਹੈ। ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਹ ਨਮਾਜ਼ ਨਹੀਂ ਪੜ੍ਹਦਾ ? ਲੋਕਾਂ ਨੇ ਕਿਹਾ ਕਿ ਪੜ੍ਹਦਾ ਹੈ। ਪਰ ਉਹ ਅਜੀਹੀ ਨਮਾਜ਼ ਹੈ, ਜਿਸ'ਚ ਕੋਈ ਖ਼ੈਰ ਨਹੀਂ। ਇਸ'ਤੇ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਮੁੜ੍ਹ ਫ਼ਰਮਾਇਆ ਕਿ ਮੈਨੂੰ ਨਮਾਜ਼ ਪੜ੍ਹਣ ਵਾਲੀਆਂ ਦੇ ਕਤਲ'ਤੋਂ ਰੋਕਿਆ ਗਿਆ ਹੈ।

ਇੱਕ ਰਵਾਯਤ ਅਨੁਸਾਰ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਮਾਲਿਕ ਬਿਨ ਦੁਖਸ਼ਮ ਨਾਲ ਆਸਿਮ ਬਿਨ ਅਦੀ ਨੂੰ ਮਸਜਿਦੇ ਜ਼ਿਰਾਰ ਨੂੰ ਢਾਹੁਣ ਲਈ ਭੇਜਿਆ ਸੀ। ਹਜ਼ਰਤ ਮਾਲਿਕ ਬਿਨ ਦੁਖਸ਼ਮ ਬਾਰੇ ਜ਼ਿਕਰ ਮਿਲਦਾ ਹੈ ਕਿ ਉਨ੍ਹਾਂ ਦੀ ਨਸਲ ਅੱਗੇ ਨਹੀਂ ਚੱਲੀ।

ਫ਼ਿਰ ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਉਨ੍ਹਾਂ ਦੀ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਦੌਰ'ਚ 12 ਹਿਜਰੀ'ਚ ਸ਼ਹਾਦਤ ਹੋਈ। ਇਮਾਮ ਸ਼ਾਫ਼ਈ ਫ਼ਰਮਾਉਂਦੇ ਹਨ ਕਿ ਇੱਕ ਬੰਦਾ ਸਵਰਗੀ ਸੀ। ਪਰ ਫ਼ਿਰ ਵੀ ਜ਼ਮੀਨ'ਤੇ ਨਿਮਰਤਾ ਨਾਲ ਤੁਰਦਾ ਸੀ ਅਤੇ ਉਹ ਅਕਾਸ਼ਾ ਸੀ। ਗ਼ਜ਼ਵਾ ਬਦਰ ਪਿੱਛੋਂ 12 ਹਿਜਰੀ'ਚ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਬਦੁੱਲਾਹ ਬਿਨ ਹਜਸ਼ ਨੂੰ ਇੱਕ ਮੁਹਿਮ'ਤੇ ਭੇਜਿਆ। ਇਸ ਸਰਯਾ'ਚ ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਵੀ ਹਜ਼ਰਤ ਅਬਦੁੱਲਾਹ ਨਾਲ ਸਨ। ਗ਼ਜ਼ਵਾ ਓਹਦ ਦੇ ਮੌਕੇ'ਤੇ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਲਗਾਤਾਰ ਤੀਰ ਵਰਸਾਂਦੇ ਰਹੇ। ਜਿਸ ਕਰਕੇ ਕਮਾਨ ਦਾ ਇੱਕ ਹਿੱਸਾ ਟੁੱਟ ਗਿਆ। ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਨੇ ਕਮਾਨ ਬਨ੍ਹਣ ਲਈ ਡੋਰ ਆਪ ਸੱਲਲਾਹੋ ਅਲੈਹਿ ਵਸਲੱਮ ਤੋਂ ਲਈ ਪਰ ਉਹ ਡੋਰ ਛੋਟੀ ਪੇ ਗਈ। ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਡੋਰ ਛੋਟੀ ਪੈ ਗਈ ਹੈ। ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਸ

ਨੂੰ ਖਿੱਚੋ, ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਮੈਂ ਡੋਰ ਨੂੰ ਖਿਚਿੱਆ ਅਤੇ ਰੱਬ ਦੀ ਸੌਂਹ ਉਹ ਇੰਹੀ ਲੰਮੀ ਹੋ ਗਈ ਕਿ ਮੈਂ ਕਮਾਨ ਦੇ ਸਿਰੇ'ਤੇ ਦੋ ਤਿੰਨ ਵੱਲ ਵੀ ਦਿੱਤੇ।

ਇੱਕ ਮੁਹਿਮ ਦੇ ਮੌਕੇ'ਤੇ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਮਦੀਨਾ'ਚ ਖ਼ਤਰੇ ਦਾ ਐਲਾਨ ਕੀਤਾ। ਤਾਂ ਘੁੜ ਸਵਾਰ ਆਪ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਜਮਾ ਹੋਣ ਲੱਗੇ। ਉਨ੍ਹਾਂ'ਚ ਹਜ਼ਰਤ ਅਕਾਸ਼ਾ ਰਜ਼ੀ ਅੱਲਾਹ ਅੰਨਹੋ ਵੀ ਸ਼ਾਮਿਲ ਸਨ।

ਫ਼ਿਰ ਹਜ਼ਰਤ ਖ਼ਾਰਜ਼ਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਹਜ਼ਰਤ ਖ਼ਾਰਜ਼ਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੋ ਦਾ ਸਰਨਾਂਵਾ ਅਬੂ ਜ਼ੈਦ ਸੀ। ਕੁੱਝ ਹੋਰ ਸਹਾਬੀਆਂ ਨਾਲ ਉਨ੍ਹਾਂ ਨੇ ਯਹੂਦੀਆਂ ਤੋਂ ਤੂਰੈਤ'ਚ ਦਰਜ ਕੁੱਝ ਗੱਲ੍ਹਾਂ ਬਾਰੇ ਸਵਾਲ ਕੀਤਾ। ਤਾਂ ਯਹੂਦ ਨੇ ਦੱਸਣ ਤੋਂ ਇੰਨਕਾਰ ਕਰ'ਤਾ। ਜਿਸ'ਤੇ ਕੁਰਆਨੀ ਵਹੀ ਵੀ ਉਤਰੀ।

ਫ਼ਿਰ ਹਜ਼ਰਤ ਜ਼ੱਯਾਦ ਬਿਨ ਲਬੀਦ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਉਨ੍ਹਾਂ ਦਾ ਸਰਨਾਂਵਾ ਅਬੂ ਅਬਦੁੱਲਾਹ ਸੀ। ਹਜ਼ਰਤ ਜ਼ੱਯਾਦ ਬਿਨ ਲਬੀਦ ਰਜ਼ੀ ਅੱਲਾਹ ਅੰਨਹੋ ਦੀ ਨਸਲ ਮਦੀਨਾ ਤੇ ਬਗ਼ਦਾਦ'ਚ ਰਹਿੰਦੀ ਸੀ। ਹਜ਼ਰਤ ਜ਼ੱਯਾਦ ਬਿਨ ਲਬੀਦ ਰਜ਼ੀ ਅੱਲਾਹ ਅੰਨਹੋ ਨੂੰ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਇੱਕ ਕੌਮ ਵੱਲ੍ਹ ਉਨ੍ਹਾਂ ਨੂੰ ਧਰਮ ਸਿਖਾਉਣ ਲਈ ਵੀ ਭੇਜਿਆ ਸੀ। ਹਜ਼ਰਤ ਜ਼ੱਯਾਦ ਬਿਨ ਲਬੀਦ ਰਜ਼ੀ ਅੱਲਾਹ ਅੰਨਹੋ 41 ਹਿਜਰੀ'ਚ ਹਜ਼ਰਤ ਮੁਆਵਿਆ ਦੇ ਦੌਰ'ਚ ਆਕਾਲ ਚਲਾਣਾ ਕਰ ਗਏ।

ਫ਼ਿਰ ਹਜ਼ਰਤ ਖ਼ਾਲਿਦ ਬਿਨ ਬੁਕੈਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਇਹ ਕਬੀਲਾ ਬਨੂ ਸਾਅਦ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਨੂੰ ਵੀ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਧਰਮ ਦੀ ਸਿਖਿੱਆ ਦੇਣ ਲਈ ਅਤੇ ਕੁਰਆਨ ਪੜ੍ਹਾਉਣ ਲਈ ਇੱਕ ਕੌਮ ਵੱਲ੍ਹ ਹੋਰ ਪੰਜ ਸਹਾਬੀਆਂ ਨਾਲ ਭੇਜਿਆ। ਉਨ੍ਹਾਂ ਨੇ ਜੋ ਦੀਨ ਸਿਖੱਣ ਲਈ ਉਨ੍ਹਾਂ ਨੂੰ ਨਾਲ ਲੈ ਗਏ ਸਨ, ਬਾਦ'ਚ ਧੋਖਾ ਦੇ ਕੇ ਸ਼ਹੀਦ ਕਰ'ਤਾ।

ਫ਼ਿਰ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਹਜ਼ਰਾਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਇੱਕ ਵਾਰ ਹਜ਼ਰਤ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਇੱਕ ਗ਼ੁਲਾਮ ਅਮਾਰ ਕੋਲ੍ਹੋਂ ਲੰਘੇ ਅਤੇ ਹਾਲ ਪੁਛਿੱਆ। ਅੱਮਾਰ ਨੇ ਦੱਸਿਆ ਕਿ ਦੁਸ਼ਮਨ ਮੈਨੂੰ ਕੁੱਟਦੇ ਰਹੇ ਅਤੇ ਜਦੋਂ ਤੱਕ ਆਪ ਸੱਲਲਾਹੋ ਅਲੇਹਿ ਵਸਲੱਮ ਦੇ ਖਿਲਾਫ਼ ਨ ਬੁਲਵਾ ਲਿਆ, ਮੈਨੂੰ ਨ ਛਡਿੱਆ। ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਪੁਛਿੱਆ ਕਿ ਤੁਹਾਡਾ ਦਿਲ੍ਹ ਕੀ ਮੰਨਦਾ ਸੀ। ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਨੇ ਦੱਸਿਆ ਕਿ ਦਿਲ੍ਹ'ਚ ਤਾਂ ਦਰਿੜ੍ਹ ਵਿਸ਼ਵਾਸ ਸੀ। ਇਸ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੇਕਰ ਦਿਲ੍ਹ ਵਿਸ਼ਵਾਸ'ਤੇ ਪੱਕਾ ਸੀ। ਤਾਂ ਰੱਬ ਤੁਹਾਨੂੰ ਮੁਆਫ਼ ਕਰ ਦੇਵੇਗਾ।

ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਦੇ ਦੌਰ'ਚ ਹੋਣ ਵਾਲੀ ਸ਼ੋਰਸ਼ ਜਦੋਂ ਵੱਧੀ ਅਤੇ ਸਹਾਬੀਆਂ ਨੂੰ ਵੀ ਪੱਤਰ ਆਉਣ ਲੱਗੇ ਤਾਂ ਸਹਾਬੀਆਂ ਨੇ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਨੂੰ ਗਵਰਨਰਾਂ ਬਾਰੇ ਇਨ੍ਹਾਂ

ਗੱਲ੍ਹਾਂ ਤੋਂ ਜਾਣੂ ਕਰਵਾਈਆ। ਸਲਾਹ ਮਗਰੋਂ ਕੁੱਝ ਸਹਾਬੀਆਂ ਨੂੰ ਖੋਜ ਲਈ ਭੇਜਿਆ ਗਿਆ। ਬਾਕੀ ਸਭ ਨੇ ਤਾਂ ਚੰਗੀਆਂ ਰਿਪੋਰਟਾਂ ਭੇਜਿਆਂ। ਪਰ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਵੱਲੋਂ ਕੋਈ ਜਵਾਬ ਨ ਆਇਆ ਅਤੇ ਇਸ'ਚ ਇੰਹੀ ਦੇਰ ਹੋਈ ਕਿ ਇਹ ਖਿਆਲ ਕੀਤਾ ਗਿਆ ਕਿ ਉਹ ਮਾਰੇ ਗਏ ਹਨ। ਪਰ ਅਸਲ ਗੱਲ੍ਹ ਇਹ ਸੀ ਕਿ ਉਹ ਆਪਣੀ ਸਾਦਗੀ ਅਤੇ ਸਿਆਸਤ ਤੋਂ ਅਣਜਾਣ ਹੋਣ ਕਰਕੇ ਫ਼ਸਾਦੀਆ ਦੇ ਜਾਲ'ਚ ਫ਼ਸ ਗਏ ਸਨ। ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਦਾ ਉਨ੍ਹਾਂ ਫ਼ਸਾਦੀਆਂ ਦੇ ਧੋਖੇ'ਚ ਆ ਜਾਣਾ। ਇੱਕ ਖ਼ਾਸ ਕਾਰਨ ਕਰਕੇ ਸੀ ਅਤੇ ਉਹ ਕਾਰਨ ਇਹ ਸੀ ਕਿ ਜਿਵੇਂ ਹੀ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਮਿਸਰ ਪਹੁੰਚੇ। ਤਾਂ ਉਨ੍ਹਾਂ ਫ਼ਸਾਦੀਆਂ ਨੇ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਨੂੰ ਘੇਰੇ'ਚ ਲੈ ਲਿਆ ਅਤੇ ਆਪਣੀ ਜ਼ੁਬਾਨ ਦੀ ਤੇਜ਼ੀ ਕਰਕੇ ਮਿਸਰ ਦੇ ਵਾਲੀ ਖ਼ਿਲਾਫ਼ ਦੋਸ਼ ਲਾਉਣੇ ਸ਼ੁਰੂ ਕਰ'ਤੇ ਅਤੇ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਨੇ ਆਪਣੀ ਸਾਦਗੀ'ਚ ਇਨ੍ਹਾਂ ਦੋਸ਼ਾਂ ਨੂੰ ਠੀਕ ਸਮਝ ਲਿਆ ਸੀ।

ਜੰਗੇ ਸੱਫ਼ੈਨ ਦੇ ਮੌਕੇ'ਤੇ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ'ਤੇ ਇਹ ਹਕੀਕਤ ਪ੍ਰਕਟ ਹੋਈ ਸੀ ਕਿ ਇੰਨ੍ਹਾਂ ਫ਼ਸਾਦੀਆ ਨੇ ਕਿਵੇਂ ਚਾਲਾਕੀ ਨਾਲ ਫ਼ਸਾਦ ਪੈਦਾ ਕਰਕੇ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਨੂੰ ਸ਼ਹੀਦ ਕਰ'ਤਾ ਸੀ। ਜੰਗੇ ਸਫ਼ੀਨ'ਚ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੋ ਬਹੁਤ ਬਹਾਦਰੀ ਨਾਲ ਸ਼ਾਮਿਲ ਹੋਏ ਅਤੇ ਸ਼ਹੀਦੀ ਦੀ ਪਦਵੀ ਪਾਈ।

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੱਕ ਅਫ਼ਸੋਸ ਜਨਕ ਸੂਚਨਾ ਵੀ ਪ੍ਰਾਪਤ ਹੋਈ ਹੈ। ਬਰਕੀਨਾ ਫ਼ਾਸੋ'ਚ ਪਰਸੋਂ ਸਾਡੇ 9 ਅਹਮਦੀ ਬਹੁਤ ਖ਼ਤਰਨਾਕ ਢੰਗ ਨਾਲ ਸ਼ਹੀਦ ਕਰ'ਤੇ ਗਏ। ਉਨ੍ਹਾਂ ਦੇ ਵਿਸ਼ਵਾਸ ਦਾ ਇਮਤਹਾਨ ਵੀ ਸੀ। ਜਿਸ'ਤੇ ਉਹ ਪੂਰੇ ਉਤਰੇ। ਇਹ ਨਹੀਂ ਕਿ ਅੰਨ੍ਹੇ ਵਾਂਗ ਫ਼ਾਈਰਿੰਗ ਕਰਕੇ ਸਗੋਂ ਹਰ ਇੱਕ ਸ਼ਹੀਦ ਨੂੰ ਸੱਦ ਕੇ ਸ਼ਹੀਦ ਕੀਤਾ। ਇਸ ਦਾ ਵਿਵਰਨ ਕੁੱਝ ਆ ਗਿਆ ਹੈ ਕੁੱਝ ਆ ਰਿਹਾ ਹੈ। ਇਸ ਬਾਰੇ ਮੈਂ ਅਗਲੇ ਖ਼ੁਤਬੇ'ਚ ਬਿਆਨ ਕਰਾਂਗਾ। ਹਜ਼ੂਰੇ ਅਨਵਰ ਨੇ ਸ਼ਹੀਦਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਲੋਕਾਂ ਨੂੰ ਵੀ ਦੁਆ ਦਾ ਆਦੇਸ਼ ਦਿੰਦੇ ਹੋਏ ਫ਼ਰਮਾਇਆ ਕਿ ਉੱਥੇ ਦੇ ਹਾਲਾਤ ਹਾਲੇ ਵੀ ਖ਼ਰਾਬ ਹਨ,ਆਤੰਕਵਾਦੀ ਧਮਕੀ ਦੇ ਗਏ ਹਨ। ਉਨ੍ਹਾਂ ਲਈ ਵੀ ਦੁਆ ਵੀ ਕਰਦੇ ਰਹੋ। ਰੱਬ ਹਰ ਮੁਸੀਬਤ ਤੋਂ ਉਨ੍ਹਾਂ ਨੂੰ ਬਚਾ ਕੇ ਰੱਖੇ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔